**ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.), ਪੰਜਾਬ**
**ਵਿੱਦਿਆ ਭਵਨ, ਈ-ਬਲਾਕ, ਚੌਥੀ ਮੰਜਿਲ,**
**ਫੇਜ-8, ਅਜੀਤਗੜ੍ਹ (ਮੋਹਾਲੀ), ਪੰਜਾਬ**

ਸੇਵਾ ਵਿਖੇ,

ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ
ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਪੰਜਾਬ
ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ.), ਪੰਜਾਬ
ਸਮੂਹ ਮਿਡਲ, ਹਾਈ, ਸੀਨੀਅਰ ਸੈਕੰਡਰੀ ਸਕੂਲ ਮੁਖੀ, ਪੰਜਾਬ (ਵੈਬਸਾਈਟ ਰਾਹੀਂ)

ਮੀਮੋ ਨੰ :- 2014/ਡੀ.ਪੀ.ਆਈ./ਈ-ਪੰਜਾਬਸਕੂਲ/006177
ਮਿਤੀ : ਚੰਡੀਗੜ੍ਹ 27./05/2014

**ਵਿਸ਼ਾ :** **www.epunjabschool.gov.in ਉੱਤੇ ਸਟਾਫ ਸਬੰਧੀ ਜਾਣਕਾਰੀ ਅਪਲੋਡ ਕਰਨ ਬਾਰੇ।**

**ਹਵਾਲਾ :** 2014/ਡੀ.ਪੀ.ਆਈ./ਈ-ਪੰਜਾਬਸਕੂਲ/005246 ਮਿਤੀ : 09-05-2014

ਹਵਾਲਾ ਅਧੀਨ ਪੱਤਰ ਰਾਹੀਂ ਜਾਰੀ ਹਦਾਇਤਾਂ ਅਨੁਸਾਰ ਸਿੱਖਿਆ ਵਿਭਾਗ ਅਧੀਨ ਕੰਮ ਕਰਦੇ ਸਮੂਹ ਅਮਲੇ ਦੀ ਜਾਣਕਾਰੀ ਸਬੰਧਤ ਦਫਤਰ ਜਾਂ ਸਕੂਲ ਵਲੋਂ ਆਨਲਾਈਨ ਪੋਰਟਲ **www.epunjabschool.gov.in** ਉੱਤੇ ਮਿਤੀ 20-05-2014 ਤੱਕ ਅਪਲੋਡ ਕੀਤੀ ਜਾਣੀ ਸੀ। ਪਰ ਮੁੱਖ ਦਫਤਰ ਦੀ ਐਮ.ਆਈ.ਐਸ. ਸ਼ਾਖਾ ਵਲੋਂ ਦਿੱਤੀ ਰਿਪੋਰਟ ਅਨੁਸਾਰ ਬਹੁਤ ਸਾਰੇ ਜਿਲ੍ਹਾ ਸਿੱਖਿਆ ਦਫਤਰ ਅਤੇ ਸਕੂਲਾਂ ਵਲੋਂ ਇਹ ਜਾਣਕਾਰੀ ਅਜੇ ਤੱਕ ਵੀ ਇਸ ਪੋਰਟਲ ਉੱਤੇ ਅਪਲੋਡ ਨਹੀਂ ਕੀਤੀ ਗਈ ਹੈ ਅਤੇ ਨਾ ਹੀ ਆਪਣੇ ਦਫਤਰ ਜਾਂ ਸਕੂਲ ਦਾ ਕੋਈ ਨੋਡਲ ਇੰਚਾਰਜ ਲਗਾਇਆ ਗਿਆ ਹੈ।

ਉਪਰੋਕਤ ਨੂੰ ਧਿਆਨ ਵਿਚ ਰੱਖ ਕੇ ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ.) ਅਤੇ (ਸੈ.ਸਿ.), ਪੰਜਾਬ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਸਬੰਧਤ ਦਫਤਰ ਅਤੇ ਆਪਣੇ ਅਧੀਨ ਆਉਂਦੇ ਸਕੂਲ ਮੁਖੀਆਂ ਨੂੰ ਇਸ ਪੋਰਟਲ ਉੱਤੇ ਜਾਣਕਾਰੀ ਨੂੰ ਮਿਤੀ 31-05-2014 ਤੱਕ ਅਪਡੇਟ ਕਰਨ ਲਈ ਹਦਾਇਤਾਂ ਜਾਰੀ ਕਰਨ ਅਤੇ ਮਿਤੀ 31-05-2014 ਤੱਕ ਜਾਣਕਾਰੀ ਅਪਡੇਟ ਨਾ ਕਰਨ ਵਾਲੇ ਡਿਫਾਲਟਰ ਸਕੂਲਾਂ ਦੀ ਸੂਚੀ ਇਸ ਦਫਤਰ ਨੂੰ ਈ-ਮੇਲ (epunjab.mis@gmail.com) ਰਾਹੀਂ ਭੇਜੀ ਜਾਵੇ ਤਾਂ ਜੋ ਅਜਿਹੇ ਸਕੂਲ ਮੁਖੀਆਂ ਵਿਰੁੱਧ ਕਾਰਵਾਈ ਆਰੰਭੀ ਜਾ ਸਕਦੇ।

**ਡੀ.ਪੀ.ਆਈ. (ਸੈ.ਸਿ.), ਪੰਜਾਬ**

**ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਜਾਣਕਾਰੀ ਹਿੱਤ ਭੇਜਿਆ ਜਾਂਦਾ ਹੈ :-**

1) **ਨਿਜੀ ਸਕੱਤਰ, ਸਿੱਖਿਆ ਮੰਤਰੀ-ਪੰਜਾਬ**
2) **ਨਿਜੀ ਸਕੱਤਰ, ਪ੍ਰਮੁੱਖ ਸਕੱਤਰ ਸਕੂਲ ਸਿੱਖਿਆ ,ਪੰਜਾਬ**
3) **ਡਾਇਰੈਕਟਰ ਐਸ.ਸੀ.ਈ.ਆਰ.ਟੀ., ਪੰਜਾਬ**
4) **ਸਮੂਹ ਜਿਲ੍ਹਾ ਐਮ.ਆਈ.ਐਸ. ਕੋਆਰਡੀਨੇਟਰ, ਪੰਜਾਬ**